ਹੈਲੋ ਮਾਪਿਓ, ਵਿਦਿਆਰਥੀਓ, ਸਟਾਫ ਅਤੇ ਕਮਿਊਨਿਟੀ ਦੇ ਮੈਂਬਰੋ,

ਏ-ਸਵੇਇਲ (ਹੈਲੋ),

ਮਾਰਚ ਵਿੱਚ ਕਲਾਸਾਂ ਵਿੱਚ ਪੜ੍ਹਾਈ ਬੰਦ ਕਰਨ ਦੇ ਸ਼ੁਰੂ ਤੋਂ ਅਸੀਂ ਬਾਕਾਇਦਾ ਵੀਡੀਓ ਸੁਨੇਹੇ ਭੇਜਣੇ ਸ਼ੁਰੂ ਕੀਤੇ ਸਨ ਤਾਂ ਕਿ ਲੋਕਾਂ ਨੂੰ ਪਤਾ ਲੱਗਦਾ ਰਹੇ ਕਿ ਮਹਾਂਮਾਰੀ ਦੇ ਸੰਬੰਧ ਵਿੱਚ ਸਾਡੇ ਸਕੂਲਾਂ ਵਿੱਚ ਕੀ ਹੋ ਰਿਹਾ ਹੈ। ਇਨ੍ਹਾਂ ਸੁਨੇਹਿਆਂ ਨੂੰ ਪਸੰਦ ਕਰਨ ਬਾਰੇ ਸਾਨੂੰ ਕਾਫੀ ਫੀਡਬੈਕ ਮਿਲਿਆ ਹੈ, ਇਸ ਲਈ ਸਤੰਬਰ ਵੱਲ ਜਾਂਦਿਆਂ ਅਸੀਂ ਆਪਣੀ ਕਮਿਊਨਿਟੀ ਨੂੰ ਇਹ ਦੱਸਣ ਲਈ ਕਿ 8 ਸਤੰਬਰ ਨੂੰ ਸਕੂਲਾਂ ਦੇ ਖੁੱਲਣ ਸਮੇਂ ਤੁਸੀਂ ਆਪਣੇ ਸਕੂਲਾਂ ਅਤੇ ਬੱਚਿਆਂ ਬਾਰੇ ਕੀ ਉਮੀਦ ਰੱਖ ਸਕਦੇ ਹੋ, ਸੁਨੇਹੇ ਪਹੁੰਚਾਉਣੇ ਜਾਰੀ ਰੱਖਾਂਗੇ।

ਕੱਲ੍ਹ ਸਰਕਾਰ ਨੇ ਸਤੰਬਰ ਵਿੱਚ ਸਕੂਲ ਖੋਲ੍ਹਣ ਬਾਰੇ ਇਕ ਯੋਜਨਾ ਦਾ ਐਲਾਨ ਕੀਤਾ ਹੈ, ਅਤੇ ਮੈਂ ਇਸ ਐਲਾਨ ਦੇ ਕੁੱਝ ਮੁੱਖ ਹਿੱਸਿਆਂ ਬਾਰੇ ਜਾਣਕਾਰੀ ਦੇਣੀ ਚਾਹੁੰਦਾ ਹਾਂ, ਸਾਡੇ ਲਈ ਇਸ ਦਾ ਕੀ ਮਤਲਬ ਹੈ ਅਤੇ ਸਤੰਬਰ ਵਿੱਚ ਜਦੋਂ ਸਾਡੇ ਵਿਦਿਆਰਥੀ ਸਕੂਲ ਵਾਪਸ ਆਉਣਗੇ ਉਹਦੇ ਵਾਸਤੇ ਯੋਜਨਾ ਬਣਾਉਣ ਲਈ ਅਸੀਂ ਕੀ ਕਰ ਰਹੇ ਹਾਂ।

ਸਭ ਤੋਂ ਪਹਿਲਾਂ ਅਸੀਂ ਇਸ ਵਕਤ ਸਤੰਬਰ ਲਈ ਯੋਜਨਾਵਾਂ ਬਾਰੇ ਨਵੀਂ ਜਾਣਕਾਰੀ ਪ੍ਰਾਪਤ ਕਰ ਕੇ ਬਹੁਤ ਖੁਸ਼ ਹਾਂ। ਮਹਾਂਮਾਰੀ ਦੌਰਾਨ ਵਧੀਆ ਵਿਦਿਆ ਪ੍ਰਦਾਨ ਕਰਦੇ ਵਕਤ, ਸਾਨੂੰ ਜਿੰਨੀ ਜਲਦੀ ਜਾਣਕਾਰੀ ਮਿਲੇਗੀ, ਅਸੀਂ ਉਨੀ ਜ਼ਿਆਦਾ ਚੰਗੀ ਤਰ੍ਹਾਂ ਸਤੰਬਰ ਲਈ ਤਿਆਰ ਹੋਵਾਂਗੇ।

ਮੈਂ ਉਨ੍ਹਾਂ ਗੱਲਾਂ ਵੱਲ ਧਿਆਨ ਦਿਵਾਉਣਾ ਚਾਹਾਂਗਾ, ਜਿਹੜੀਆਂ ਅਸੀਂ ਸਤੰਬਰ ਲਈ ਇਸ ਐਲਾਨ ਵਿੱਚ ਸੁਣੀਆਂ ਹਨ, ਅਤੇ ਮੈਂ ਇਸ ਗੱਲ 'ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਇਸ ਯੋਜਨਾ ਦਾ ਐਲਾਨ ਹੁਣੇ ਹੀ ਹੋਇਆ ਹੈ, ਇਸ ਲਈ ਇਸ ਵਿੱਚ ਸਾਡੇ ਲਈ ਅੱਗੇ ਵੱਲ ਜਾਂਦਿਆਂ ਬਹੁਤ ਕੁੱਝ ਸਮਝਣ ਅਤੇ ਗੌਰ ਕਰਨ ਵਾਲਾ ਹੈ। ਇਸ ਸੁਨੇਹੇ ਵਿੱਚ ਮੈਂ ਕੁੱਝ ਮੁੱਖ ਗੱਲਾਂ 'ਤੇ ਟਿੱਪਣੀ ਕਰਨ ਦੀ ਚੋਣ ਕੀਤੀ ਹੈ, ਜਿਹੜੀਆਂ ਗੱਲਾਂ ਤੁਹਾਡੇ ਬੱਚੇ ਦੀ ਵਿਦਿਆ ਅਤੇ ਸਾਡੇ ਸਕੂਲਾਂ ਦੇ ਢਾਂਚਿਆਂ ਨੂੰ ਰੂਪ ਦੇਣ ਵਿੱਚ ਰੋਲ ਅਦਾ ਕਰਨਗੀਆਂ।

ਸਭ ਤੋਂ ਪਹਿਲਾਂ, ਡੈਨਸਿਟੀ (ਸਕੂਲ ਵਿੱਚ ਬੱਚਿਆਂ ਦੀ ਗਿਣਤੀ) ਦੇ ਸੰਕਲਪ ਨੂੰ ਹਟਾਉਣ ਲਈ ਮਨਿਸਟਰੀ ਦੀ 5 ਸਟੇਜ ਐਜੂਕੇਸ਼ਨ ਰੀਸਟਾਰਟ ਪਲੈਨ ਨੂੰ ਅਪਡੇਟ ਕੀਤਾ ਗਿਆ ਹੈ। ਸ਼ਾਇਦ ਤੁਹਾਨੂੰ ਯਾਦ ਹੋਵੇ ਕਿ ਡੈਨਿਸਟੀ ਦਾ ਮਤਲਬ ਸੀ, ਸਕੂਲ ਵਿੱਚ ਬੱਚਿਆਂ ਦੀ ਕੁੱਲ ਗਿਣਤੀ ਕਿੰਨੀ ਹੋ ਸਕਦੀ ਸੀ, ਜਿਵੇਂ ਕਿ ਸਕੂਲ ਵਿੱਚ ਦਾਖਲ ਕੁੱਲ ਵਿਦਿਆਰਥੀਆਂ ਦਾ 25 ਫੀਸਦੀ ਹਿੱਸਾ ਕਿਸੇ ਇਕ ਦਿਨ ਸਕੂਲ ਵਿੱਚ ਹਾਜ਼ਰ ਹੋ ਸਕਦਾ ਸੀ। ਇਸ ਨਵੀਂ ਜਾਣਕਾਰੀ ਵਿੱਚ ਡੈਨਿਸਟੀ ਦੀ ਥਾਂ ਇਹ ਫੈਸਲਾ ਕੀਤਾ ਗਿਆ ਹੈ ਕਿ ਸਾਰੇ ਵਿਦਿਆਰਥੀ ਟੋਲੀਆਂ ਵਿੱਚ ਸਕੂਲ ਆ ਸਕਦੇ ਹਨ। ਸਰਕਾਰ ਮਹਿਸੂਸ ਕਰਦੀ ਹੈ ਕਿ ਇਸ ਢੰਗ ਨਾਲ ਕੋਵਿਡ 'ਤੇ ਵੱਧ ਤੋਂ ਵੱਧ ਕੰਟਰੋਲ ਰੱਖਦੇ ਹੋਏ ਅਸੀਂ ਜ਼ਿਆਦਾ ਵਿਦਿਆਰਥੀਆਂ ਲਈ ਮੌਕੇ ਪ੍ਰਦਾਨ ਕਰ ਸਕਦੇ ਹਾਂ।

ਇੱਥੇ ਟੋਲੀ ਦਾ ਕੀ ਮਤਲਬ ਹੈ? ਵਿਦਿਆ ਦੇ ਸੰਬੰਧ ਵਿੱਚ ਟੋਲੀ ਵਿਦਿਆਰਥੀਆਂ ਅਤੇ ਸਟਾਫ ਦਾ ਇਕ ਸਮੂਹ ਹੁੰਦਾ ਹੈ ਜਿਹੜਾ ਪੜ੍ਹਾਈ ਅਤੇ ਹੋਰ ਸਰਗਰਮੀਆਂ ਵਿੱਚ ਇਕੱਠਾ ਰਹਿੰਦਾ ਹੈ। ਐਲੀਮੈਂਟਰੀ ਸਕੂਲਾਂ ਵਿੱਚ ਟੋਲੀਆਂ ਇਕ ਸਾਲ ਤੱਕ ਇਕੱਠੀਆਂ ਰਹਿਣਗੀਆਂ ਅਤੇ ਇਨ੍ਹਾਂ ਵਿੱਚ 60 ਵਿਦਿਆਰਥੀਆਂ ਤੱਕ ਦੀ ਗਿਣਤੀ ਹੋਵੇਗੀ। ਸਾਡੇ ਹਾਈ ਸਕੂਲਾਂ ਵਿੱਚ ਟੋਲੀਆਂ ਵਿੱਚ 120 ਦੀ ਗਿਣਤੀ ਤੱਕ ਵਿਦਿਆਰਥੀ ਅਤੇ ਸਟਾਫ ਹੋਵੇਗਾ ਅਤੇ ਉਹ ਇਕ ਟਰਮ ਤੱਕ ਇਕੱਠੇ ਰਹਿਣਗੇ, ਅਤੇ ਸਕੂਲ ਸਾਲ ਵਿੱਚ ਦੀ ਲੰਘਦਿਆਂ ਨਵੀਆਂ ਟਰਮਾਂ ਸ਼ੁਰੂ ਹੋਣ ਤੇ ਨਵੀਆਂ ਟੋਲੀਆਂ ਹੋਂਦ ਵਿੱਚ ਆਉਣਗੀਆਂ। ਇਸ ਸਕੰਲਪ ਅਨੁਸਾਰ, ਵਿਦਿਆਰਥੀ ਹੁਣ ਵੀ ਕਲਾਸਾਂ ਵਿੱਚ ਹੋਣਗੇ, ਪਰ ਇਹ ਕਲਾਸਾਂ ਇਕੱਠੀਆਂ ਪੜ੍ਹਾਈ ਅਤੇ ਇਕ ਦੂਜੇ ਨਾਲ ਮੇਲਜੋਲ ਕਰ ਸਕਣਗੀਆਂ। ਇਹ ਭਾਈਚਾਰੇ ਵਿੱਚ ਆਪਣੇ ਸੰਪਰਕ ਦੇ ਘੇਰੇ ਵਿੱਚ ਵਾਧਾ ਕਰਨ ਵਾਂਗ ਹੀ ਹੈ, ਪਰ ਸਾਡੇ ਸਕੂਲਾਂ ਵਿੱਚ ਇਹ ਨੇੜਲੇ ਸੰਪਰਕ ਨੂੰ  60 ਜਾਂ 120 ਲੋਕਾਂ ਤੱਕ ਸੀਮਤ ਕਰੇਗਾ।

ਸਾਡੀ ਪ੍ਰੋਵਿੰਸ਼ੀਅਲ ਹੈਲਥ ਅਫਸਰ (ਸੂਬਾਈ ਸਿਹਤ ਅਫਸਰ) ਦੀ ਸਲਾਹ ਅਧੀਨ ਸਰਕਾਰ ਦਾ ਮਕਸਦ ਹੈ ਕਿ ਵਿਦਿਆਰਥੀਆਂ ਦਾ ਟੋਲੀਆਂ ਵਿੱਚ ਵਿਚਰਨਾ ਸੰਪਰਕ ਨੂੰ ਨਿਮਨ ਪੱਧਰ 'ਤੇ ਰੱਖੇਗਾ, ਅਤੇ ਜੇ ਕੋਵਿਡ ਦੇ ਫੈਲਣ ਦੀ ਕੋਈ ਘਟਨਾ ਵਾਪਰ ਜਾਵੇ ਤਾਂ ਸੰਪਰਕ ਦਾ ਪਤਾ ਲਾਉਣ (ਕੰਨਟੈਕਟ ਟਰੇਸਿੰਗ) ਲਈ ਬਹੁਤ ਵਧੀਆ ਮੌਕਾ ਪ੍ਰਦਾਨ ਕਰੇਗਾ। ਅਸੀਂ ਆਪਣੇ ਸਕੂਲਾਂ ਨੂੰ ਸੁਰੱਖਿਅਤ

ਢੰਗ ਨਾਲ ਕਿਵੇਂ ਚਲਾ ਸਕਦੇ ਹਾਂ ਅਤੇ ਵੱਧ ਤੋਂ ਵੱਧ ਬੱਚਿਆਂ ਨੂੰ ਸਕੂਲ ਵਿੱਚ ਕਿਵੇਂ ਲਿਆ ਸਕਦੇ ਹਾਂ, ਇਸ ਸੰਬੰਧ ਵਿੱਚ ਇਹ ਇਕ ਸਿਹਤ ਦਾ ਦਿਸ਼ਾ ਨਿਰਦੇਸ਼ (ਗਾਈਡੈਂਸ) ਹੈ।

ਸਾਡੇ ਐਲੀਮੈਂਟਰੀ ਸਕੂਲਾਂ ਵਿੱਚ, ਕਲਾਸਾਂ ਦੇ ਇਕ ਸਾਲ ਲਈ ਇਕੱਠੇ ਰਹਿਣ ਦੇ ਸੰਕਲਪ ਬਾਰੇ ਮਾਪੇ, ਵਿਦਿਆਰਥੀ ਅਤੇ ਸਟਾਫ ਚੰਗੀ ਤਰ੍ਹਾਂ ਵਾਕਫ ਹਨ ਅਤੇ ਅਸੀਂ ਆਪਣੇ 100% ਵਿਦਿਆਰਥੀਆਂ ਦੀ ਮੁਕੰਮਲ ਵਾਪਸੀ ਦੀ ਉਮੀਦ ਕਰਦੇ ਹਾਂ।

ਸਾਡੇ ਸੈਕੰਡਰੀ ਸਕੂਲਾਂ ਵਿੱਚ ਟੋਲੀਆਂ ਦੇ ਸੰਕਲਪ ਬਾਰੇ ਪੂਰੀ ਜਾਣਕਾਰੀ ਹੈ, ਪਰ ਖਾਸ ਤੌਰ ਤੇ ਸਾਡੇ ਸੈਕੰਡਰੀ ਸਕੂਲਾਂ ਦਾ ਢਾਂਚਾ ਇਸ ਤਰ੍ਹਾਂ ਦਾ ਹੈ, ਜਿਸ ਵਿੱਚ ਵਿਦਿਆਰਥੀ ਸਾਰੇ ਦਿਨ ਵਿੱਚ ਬਲਾਕ ਤੋਂ ਬਲਾਕ ਤੱਕ ਵੱਖ ਵੱਖ ਸਮੂਹਾਂ ਵਿੱਚ ਵਿਚਰਦੇ ਹਨ। 120 ਵਿਦਿਆਰਥੀਆਂ ਅਤੇ ਸਟਾਫ ਮੈਂਬਰਾਂ ਦੀਆਂ ਟੋਲੀਆਂ ਬਣਾਉਣ ਅਤੇ ਉਨ੍ਹਾਂ ਟੋਲੀਆਂ ਨੂੰ ਇਕੱਠਾ ਰੱਖਣ ਲਈ ਸਾਨੂੰ ਆਪਣੇ ਟਾਇਮਟੇਬਲ ਵਿੱਚ ਤਬਦੀਲੀਆਂ ਕਰਨਗੀਆਂ ਪੈਣਗੀਆਂ। ਆਮ ਤੌਰ 'ਤੇ ਸੈਕੰਡਰੀ ਸਕੂਲਾਂ ਦੇ ਟਾਇਮਟੇਬਲ ਵਿਦਿਆਰਥੀਆਂ ਦੀ ਚੋਣ ਦੁਆਲੇ ਬਣਾਏ ਜਾਂਦੇ ਹਨ, ਅਤੇ ਕੁੱਝ ਕਲਾਸਾਂ ਵਿੱਚ ਵਿਦਿਆਰਥੀਆਂ ਵੱਲੋਂ ਟੋਲੀਆਂ ਵਿੱਚ ਇਕੱਠੇ ਕੰਮ ਕਰਨ ਲਈ ਸਤੰਬਰ ਵਿੱਚ ਲੋੜੀਂਦੇ ਢਾਂਚੇ ਬਣਾਉਣ ਲਈ ਅਸੀਂ ਵਿਦਿਆਰਥੀਆਂ ਦੀ ਚੋਣ ਨੂੰ ਦੇਖ ਕੇ ਸ਼ੁਰੂਆਤ ਕਰਾਂਗੇ।

ਐਲਾਨ ਵਿੱਚ ਸਾਡੇ ਸੈਕੰਡਰੀ ਸਕੂਲਾਂ ਵਿੱਚ ਹਾਈਬ੍ਰਿਡ (ਮਿਸ਼ਰਤ) ਜਾਂ ਆਨਲਾਈਨ ਪੜ੍ਹਾਈ ਕਰਾਉਣ ਦੀ ਸਮਰੱਥਾ ਅਤੇ ਮਹੱਤਤਾ ਵੀ ਸ਼ਾਮਲ ਹੈ। ਸਤੰਬਰ ਵੱਲ ਦੇਖਦਿਆਂ, ਅਸੀਂ ਜਾਣਦੇ ਹਾਂ ਕਿ ਵਿਦਿਆਰਥੀਆਂ ਨੂੰ ਅਜੇ ਵੀ ਆਮ ਘੇਰੇ (ਨਾਰਮਲ ਰੇਂਜ) ਵਿੱਚ ਦਿੱਤੇ ਜਾਣ ਵਾਲੇ ਕੋਰਸਾਂ ਦੀ ਲੋੜ ਹੋਵੇਗੀ, ਅਤੇ ਵਿਲੱਖਣ ਯੋਗਤਾਵਾਂ ਵਾਲੇ ਅਧਿਆਪਕਾਂ ਨੂੰ ਟੋਲੀਆਂ ਤੋਂ ਪਾਰ ਜਾ ਕੇ ਵਿਦਿਆਰਥੀਆਂ ਤੱਕ ਪਹੁੰਚ ਕਰਨ ਦੀ ਲੋੜ ਹੋਵੇਗੀ। ਇਕ ਦੂਸਰੇ ਤੋਂ ਢੁਕਵੀਂ ਵਿੱਥ (ਸੋਸ਼ਲ ਡਿਸਟੈਂਸਿੰਗ) ਦੀ ਪਾਲਣਾ ਕਰਦੇ ਹੋਏ, ਵਿਦਿਆਰਥੀਆਂ ਅਤੇ ਸਟਾਫ ਨੂੰ ਵੱਖ ਵੱਖ ਟੋਲੀਆਂ ਨਾਲ ਕੰਮ ਕਰਨ ਦੀ ਆਗਿਆ ਹੋਵੇਗੀ। ਆਪਣੀ ਵਿਉਂਤਬੰਦੀ ਦੇ ਮੁਢਲੇ ਦੌਰ ਵਿੱਚ, ਅਸੀਂ ਇਕ ਵਾਰ ਫੇਰ ਇਸ ਗੱਲ ਵੱਲ ਧਿਆਨ ਦੇਣਾ ਚਾਹਾਂਗੇ ਕਿ ਵਿਦਿਆਰਥੀਆਂ ਨੂੰ ਉਹ ਕੋਰਸ ਅਤੇ ਪੜ੍ਹਾਈ ਮਿਲੇ ਜਿਸ ਦੀ ਉਨ੍ਹਾਂ ਨੂੰ ਆਪਣੀ ਪੜ੍ਹਾਈ ਵਿੱਚ ਅੱਗੇ ਵਧਣ ਲਈ ਲੋੜ ਹੈ। ਇਸ ਦਾ ਮਤਲਬ ਹੈ ਆਰਟ, ਬੈਂਡ, ਕੈਲਕੁਲਸ, ਬਾਇਓਲੌਜੀ, ਵੁੱਡਵਰਕ, ਖਾਣਿਆਂ ਨਾਲ ਸੰਬੰਧਤ ਅਤੇ ਸਾਡੇ ਵੱਲੋਂ ਦਿੱਤੇ ਜਾਂਦੇ ਹੋਰ ਕਈ ਤਰ੍ਹਾਂ ਦੇ ਕੋਰਸਾਂ ਤੱਕ ਪਹੁੰਚ। ਬੇਸ਼ੱਕ ਸਤੰਬਰ ਵਿੱਚ ਇਸ ਤੋਂ ਵੱਖਰਾ ਦਿਸੇਗਾ, ਪਰ ਇਹ ਸਾਡੀ ਸ਼ੁਰੂ ਦੀ ਥਾਂ ਹੈ।

ਸਾਡੇ ਸਾਰੇ ਸੈਕੰਡਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ 1000 ਤੋਂ ਜ਼ਿਆਦਾ ਹੈ, ਕਈਆਂ ਵਿੱਚ ਇਹ ਗਿਣਤੀ 2000 ਤੱਕ ਹੈ। ਸਾਡੇ ਬਹੁਤ ਵੱਡੇ ਸੈਕੰਡਰੀ ਸਕੂਲਾਂ ਵਿੱਚ ਸਾਰੇ ਵਿਦਿਆਰਥੀਆਂ ਦਾ ਫੁੱਲ ਟਾਇਮ ਲਈ ਆਉਣਾ ਸ਼ਾਇਦ ਸੰਭਵ ਨਾ ਹੋਵੇ ਅਤੇ ਅਸੀਂ ਹਾਇਬ੍ਰਿਡ (ਮਿਸ਼ਰਤ) ਮਾਡਲ 'ਤੇ ਗੌਰ ਕਰ ਰਹੇ ਹਾਂ, ਜਿਸ ਵਿੱਚ ਆਹਮੋ-ਸਾਹਮਣੇ ਬੈਠ ਕੇ (ਫੇਸ ਟੂ ਫੇਸ) ਅਤੇ ਆਨਲਾਈਨ ਪੜ੍ਹਾਈ ਸ਼ਾਮਲ ਹੋਵੇਗੀ। ਇਨ੍ਹਾਂ ਹਾਈਬ੍ਰਿਡ (ਮਿਸ਼ਰਤ) ਮਾਡਲਾਂ ਦਾ ਮਕਸਦ ਵਿਦਿਆਰਥੀਆਂ ਦੀ ਆਪਣੇ ਗੁਆਂਢ ਦੇ ਸਕੂਲਾਂ ਅਤੇ ਆਪਣੀਆਂ ਟੋਲੀਆਂ ਨਾਲ ਜੁੜੇ ਰਹਿਣ ਵਿੱਚ ਮਦਦ ਕਰਨਾ ਹੈ।

ਸਕੂਲ ਦਾ ਇਕ ਹੋਰ ਪੱਖ ਇਹ ਹੈ, ਸਕੂਲ ਨੂੰ ਆਉਣਾ ਤੁਹਾਡੀ ਮਰਜ਼ੀ 'ਤੇ ਨਿਰਭਰ ਨਹੀਂ ਹੋਵੇਗਾ। ਡਾ: ਬੌਨੀ ਹੈਨਰੀ ਦਾ ਕਹਿਣਾ ਹੈ ਕਿ ਸਕੂਲ ਆਉਣ ਲਈ ਸੁਰੱਖਿਅਤ ਥਾਂਵਾਂ ਹਨ ਅਤੇ ਸਕੂਲਾਂ ਨੂੰ ਦੁਬਾਰਾ ਮੁਕੰਮਲ ਢੰਗ ਨਾਲ ਚਲਾਉਣ ਦਾ ਸਮਾਂ ਆ ਗਿਆ ਹੈ। ਅਸੀਂ ਸਾਰੇ ਬੱਚਿਆਂ ਨੂੰ ਸਕੂਲ ਵਿੱਚ ਚਾਹੁੰਦੇ ਹਾਂ, ਅਸੀਂ ਸਾਰੇ ਬੱਚਿਆਂ ਲਈ ਕੁਆਲਟੀ ਭਰਪੂਰ ਪੜ੍ਹਾਈ ਲਈ ਢਾਂਚੇ ਤਿਆਰ ਕਰਨ ਲਈ ਸਿਹਤ ਨਾਲ ਸੰਬੰਧਤ ਸੇਧਾਂ (ਹੈਲਥ ਗਾਈਡਲਾਈਨਜ਼) ਦੀਆਂ ਹੱਦਾਂ ਵਿੱਚ ਕੰਮ ਕਰਾਂਗੇ ਅਤੇ ਅਸੀਂ ਪਤਝੜ ਵਿੱਚ ਸਾਰੇ ਵਿਦਿਆਰਥੀਆਂ ਦਾ ਸਕੂਲ ਵਿੱਚ ਸਵਾਗਤ ਕਰਨ ਦੀ ਤਾਂਘ ਕਰਦੇ ਹਾਂ।

ਮਾਪਿਆਂ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਦੇ ਇਸ ਸੰਬੰਧ ਵਿੱਚ ਬਹੁਤ ਸਵਾਲ ਹੋਣਗੇ ਕਿ ਕਲਾਸਾਂ ਦੇ ਸਾਈਜ਼ ਦੇ ਦੁਬਾਰਾ ਨਾਰਮਲ ਹੋਣ ਸਮੇਂ ਇਕ ਦੂਜੇ ਤੋਂ ਦੂਰੀ ਰੱਖਣ ਦਾ ਕੀ ਬਣੇਗਾ? ਆਨ ਕਾਲ 'ਤੇ ਕੰਮ ਕਰਦੇ ਟੀਚਰਾਂ ਅਤੇ ਦੂਜੇ ਬਾਲਗਾਂ ਦੇ ਸੰਬੰਧ ਵਿੱਚ ਕੀ ਹੋਵੇਗਾ, ਜਿਨ੍ਹਾਂ ਨੂੰ ਵੱਖ ਵੱਖ ਟੋਲੀਆਂ ਨਾਲ ਕੰਮ ਕਰਨ ਦੀ ਲੋੜ ਹੋਵੇਗੀ? ਕੀ ਮੇਰੇ ਬੱਚੇ ਨੂੰ ਉਹ ਕੋਰਸ ਮਿਲਣਗੇ ਜਿਸ ਦੀ ਉਸ ਨੂੰ ਲੋੜ ਹੈ? ਸਤੰਬਰ ਵਿੱਚ ਮੇਰੇ ਬੱਚੇ ਦਾ ਰੋਜ਼ਾਨਾ ਨਿੱਤਨੇਮ ਜਾਂ ਟਾਇਮਟੇਬਲ ਕਿਸ ਤਰ੍ਹਾਂ ਦਾ ਹੋਵੇਗਾ? ਜੇ ਮੈਂ ਆਪਣੇ ਬੱਚੇ ਨੂੰ

ਸਕੂਲ ਭੇਜਣ ਬਾਰੇ ਠੀਕ ਨਾ ਮਹਿਸੂਸ ਕਰਦਾ/ਕਰਦੀ ਹੋਵਾਂ, ਤਾਂ ਕੀ ਹੋਵੇਗਾ? ਕੀ ਹੁਣ ਵੀ ਸਾਡੇ ਵਿਦਿਆਰਥੀ ਆਪਣੇ ਦੋਸਤਾਂ ਨਾਲ ਘੁੰਮ-ਫਿਰ, ਖੇਡ ਅਤੇ ਮਿਲ ਸਕਣਗੇ? ਪਾਠਕ੍ਰਮ ਤੋਂ ਬਾਹਰੀ ਸਰਗਰਮੀਆਂ ਦਾ ਕੀ ਬਣੇਗਾ? ਨਿੱਜੀ ਸੁਰੱਖਿਆ ਦੇ ਸਾਜ਼-ਸਾਮਾਨ (ਪਰਸਨਲ ਪ੍ਰੋਟੈਕਟਿਵ ਇਕਇਪਮੈਂਟ) ਬਾਰੇ ਕੀ ਵਿਚਾਰ ਹੈ - ਇਹ ਕਦੋਂ ਅਤੇ ਕਿਵੇਂ ਵਰਤਿਆ ਜਾਵੇਗਾ?

ਨਵੀਂਆਂ ਸੇਧਾਂ ਅਤੇ ਨਿਯਮਾਂ ਨਾਲ ਕੰਮ ਕਰਦੇ ਵਕਤ ਹੋਰ ਬਹੁਤ ਸਾਰੀਆਂ ਚੀਜ਼ਾਂ ਹਨ ਜਿਨ੍ਹਾਂ ਬਾਰੇ ਸਾਨੂੰ ਗੌਰ ਕਰਨ ਅਤੇ ਜਾਣਨ ਦੀ ਲੋੜ ਹੈ। ਇਕ ਵਾਰ ਫਿਰ ਇਸ ਸਮੇਂ ਅਸੀਂ ਲੋਕਾਂ ਨੂੰ ਸਿਰਫ ਉਸ ਚੀਜ਼ ਬਾਰੇ ਜਾਣਕਾਰੀ ਦੇਣਾ ਚਾਹੁੰਦੇ ਸੀ, ਜਿਸ ਦਾ ਐਲਾਨ ਕੀਤਾ ਗਿਆ ਹੈ। ਹੋਰ ਬਹੁਤ ਕੁਝ ਕਰਨ ਵਾਲਾ ਹੈ ਅਤੇ ਅਸੀਂ ਅਗਲੇ ਹਫਤੇ ਦੇ ਅਖੀਰ 'ਤੇ ਆਪਣੀ ਕਮਿਊਨਿਟੀ ਤੱਕ ਹੋਰ ਵਿਸਥਾਰ ਨਾਲ ਦੂਸਰਾ ਸੁਨੇਹਾ ਪਹੁੰਚਾਉਣ ਦਾ ਵਾਅਦਾ ਕਰਦੇ ਹਾਂ। ਸਾਡੇ ਵੱਲੋਂ ਤੁਹਾਡੇ ਤੱਕ ਬਹੁਤ ਸਾਰੀ ਜਾਣਕਾਰੀ ਪਹੁੰਚਾਉਣ ਦੀ ਲੋੜ ਹੈ। ਅਸੀਂ ਇਸ ਲਈ ਵਚਨਬੱਧ ਹਾਂ।

ਸਤੰਬਰ ਵਿੱਚ ਕਿਸ ਤਰ੍ਹਾਂ ਹੋਵੇਗਾ, ਇਸ ਬਾਰੇ ਚੋਣਾਂ ਅਤੇ ਉਦਾਹਰਨਾਂ 'ਤੇ ਗੌਰ ਕਰਨ ਲਈ ਜੂਨ ਦੇ ਅਖੀਰ 'ਤੇ ਸਾਡੇ ਸਕੂਲਾਂ ਦੇ ਪ੍ਰਿੰਸੀਪਲਾਂ, ਵਾਈਸ-ਪ੍ਰਿੰਸੀਪਲਾਂ ਅਤੇ ਸਟਾਫ ਨੇ ਬਹੁਤ ਮਿਹਨਤ ਨਾਲ ਕੰਮ ਕੀਤਾ ਹੈ। ਅਸੀਂ ਉਹਨਾਂ ਦੇ ਸਮਰਪਣ ਅਤੇ ਸਖਤ ਕੰਮ ਲਈ ਸ਼ੁਕਰਗੁਜ਼ਾਰ ਹਾਂ। ਸਾਨੂੰ ਉਹ ਮੁਢਲਾ ਕੰਮ ਕਰਨ ਦੀ ਖੁਸ਼ੀ ਹੈ ਅਤੇ ਹੁਣ ਨਵੀਂ ਜਾਣਕਾਰੀ ਦੇ ਆਧਾਰ 'ਤੇ ਤਬਦੀਲੀਆਂ ਕਰਦੇ ਸਮੇਂ ਸਾਨੂੰ ਉਸ ਐਡਵਾਂਸ ਸੋਚ ਅਤੇ ਵਿਉਤਬੰਦੀ ਨੂੰ ਲਾਗੂ ਕਰਨ ਦੀ ਲੋੜ ਹੈ।

ਪ੍ਰਿੰਸੀਪਲਾਂ ਅਤੇ ਵਾਈਸ-ਪ੍ਰਿੰਸੀਪਲਾਂ ਸਮੇਤ, ਸਾਡੇ ਸਕੂਲਾਂ ਦਾ ਸਟਾਫ ਮਿਹਨਤ ਨਾਲ ਕਮਾਈਆਂ ਗਰਮੀਆਂ ਦੀਆਂ ਛੁੱਟੀਆਂ ਦਾ ਆਨੰਦ ਮਾਣ ਰਿਹਾ ਹੈ। ਪਿਛਲਾ ਸਾਲ ਇਕ ਅਸਾਧਾਰਣ ਸਾਲ ਸੀ, ਅਤੇ ਸਪਰਿੰਗ ਬ੍ਰੇਕ ਵਾਂਗ ਹੀ, ਇਹ ਖਬਰ ਉਦੋਂ ਆਈ ਹੈ ਜਦੋਂ ਲੋਕ ਛੁੱਟੀਆਂ 'ਤੇ ਹਨ। ਅਸੀਂ ਇਸ ਜਾਣਕਾਰੀ ਨੂੰ ਚੰਗੀ ਤਰ੍ਹਾਂ ਸਮਝਾਂਗੇ, ਇਸ ਦਾ ਵਿਸ਼ਲੇਸ਼ਣ ਕਰਾਂਗੇ ਅਤੇ ਫਿਰ ਆਪਣੇ ਪਤਝੜ ਵਿੱਚ ਵਿਦਿਆਰਥੀਆਂ ਲਈ ਵੱਧ ਤੋਂ ਵੱਧ ਵਧੀਆ ਮੌਕੇ ਪੈਦਾ ਕਰਨ ਦੇ ਕੰਮ ਵਿੱਚ ਜੁਟ ਜਾਵਾਂਗੇ, ਅਤੇ ਅਸੀਂ ਜਲਦੀ ਹੀ ਤੁਹਾਡੇ ਨਾਲ ਗੱਲਬਾਤ ਕਰਾਂਗੇ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਆਰਾਮਦਾਇਕ, ਸੁਰੱਖਿਅਤ ਅਤੇ ਸਿਹਤਮੰਦ ਗਰਮੀਆਂ ਦਾ ਆਨੰਦ ਮਾਣ ਰਹੇ ਹੋਵੋਗੇ।

ਹਾਇਚਕੇ (ਫਸਟ ਨੇਸ਼ਨਜ਼ ਗਰੀਟਿੰਗਜ਼),
ਜੌਰਡਨ ਟਿੰਨੀ
ਸਰੀ ਦੇ ਸਕੂਲਾਂ ਦਾ ਸੁਪਰਡੈਂਟ
ਟਵਿਟਰ: @jordantinney
ਬਲਾਗ: jordantinney.org

*ਅਸੀਂ ਇਹ ਸਵੀਕਾਰ ਕਰਨਾ ਚਾਹੁੰਦੇ ਹਾਂ ਕਿ ਜਿਸ ਧਰਤੀ 'ਤੇ ਅਸੀਂ ਕੰਮ ਕਰਦੇ ਹਾਂ, ਖੇਡਦੇ ਅਤੇ ਸਿੱਖਦੇ ਹਾਂ, ਉਹ ਧਰਤੀ ਕੇਟਜ਼ੀ, ਕਵਾਂਟਲਨ, ਸੈਮੀਆਮੂ ਅਤੇ ਕੋਸਟ ਸੈਲਿਸ਼ ਲੋਕਾਂ ਦੇ ਸਾਂਝੇ ਰਵਾਇਤੀ ਇਲਾਕੇ 'ਤੇ ਹੈ।*